# ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਪੀ.ਐਸ.ਈ.ਬੀ.ਕੰਪਲੈਕਸ,ਵਿੱਦਿਆ ਭਵਨ,ਬਲਾਕ ਈ,ਛੇਵੀ ਮੰਜ਼ਿਲ,ਫੇਜ਼-8,ਮੋਹਾਲੀ**

ਈ-ਮੇਲdirectorscert@punjabeducation.gov.in. ਫੋਨਨੰਬਰ-0172-2212221

---

ਵੱਲ

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈ.ਸਿੱ.),

ਪੰਜਾਬ।

ਮੀਮੋ ਨੰ: 835417/84 ਮਿਤੀ:ਅਪ੍ਰੈਲ 01,2026

**ਵਿਸ਼ਾ: ਵਿਦਿਅਕ ਸੰਸਥਾਵਾਂ ਵਿੱਚ ਨਸ਼ਾਖੋਰੀ ਨੂੰ ਰੋਕਣ ਲਈ ਤਿੰਨ ਸਾਲਾ ਐਕਸ਼ਨ ਪਲਾਨ (2026-2029) ਨੂੰ ਲਾਗੂ ਕਰਨ ਸਬੰਧੀ।**

ਹਵਾਲਾ: ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਅਤੇ ਸਕੂਲ ਸਿੱਖਿਆ ਤੇ ਸਾਖਰਤਾ ਵਿਭਾਗ ਦਾ ਸਾਂਝਾ ਪੱਤਰ (D.O. No. 28-1/2026-PACE-Part(1))।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਰਾਜ ਦੇ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਨਸ਼ਾ ਮੁਕਤ ਮਾਹੌਲ ਸਿਰਜਣ ਲਈ ਸਰਕਾਰ ਵੱਲੋਂ ਇੱਕ ਵਿਸ਼ੇਸ਼ ਤਿੰਨ ਸਾਲਾ ਐਕਸ਼ਨ ਪਲਾਨ (2026-2029) ਤਿਆਰ ਕੀਤਾ ਗਿਆ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਸਾਲ 2029 ਤੱਕ ਭਾਰਤ ਨੂੰ 'ਨਸ਼ਾ ਮੁਕਤ' ਬਣਾਉਣਾ ਹੈ।

ਇਸ ਐਕਸ਼ਨ ਪਲਾਨ ਤਹਿਤ ਹੇਠ ਲਿਖੇ ਅਹਿਮ ਕਦਮ ਤੁਰੰਤ ਪ੍ਰਭਾਵ ਨਾਲ ਚੁੱਕੇ ਜਾਣੇ ਯਕੀਨੀ ਬਣਾਏ ਜਾਣ:

1. **ਡਰੱਗ-ਫ੍ਰੀ ਜ਼ੋਨ:** ਸਕੂਲਾਂ ਦੇ 500 ਮੀਟਰ ਦੇ ਘੇਰੇ ਵਾਲੇ ਇਲਾਕੇ ਨੂੰ 'ਡਰੱਗ-ਫ੍ਰੀ ਜ਼ੋਨ' ਘੋਸ਼ਿਤ ਕੀਤਾ ਜਾਵੇ ਅਤੇ ਇਸ ਸਬੰਧੀ ਬੋਰਡ ਲਗਾਏ ਜਾਣ।
2. **ਰਿਪੋਰਟਿੰਗ ਵਿਧੀ:** ਜੇਕਰ ਸਕੂਲ ਦੇ ਆਲੇ-ਦੁਆਲੇ ਨਸ਼ਿਆਂ ਸਬੰਧੀ ਕਿਸੇ ਨਿਯਮ ਦੀ ਉਲੰਘਣਾ ਹੁੰਦੀ ਹੈ, ਤਾਂ ਸਕੂਲ ਮੁਖੀ ਜਾਂ ਨੋਡਲ ਅਧਿਆਪਕ ਵੱਲੋਂ ਤੁਰੰਤ ਸਥਾਨਕ ਪੁਲਿਸ ਜਾਂ ਸਬੰਧਤ ਪ੍ਰਸ਼ਾਸਨ ਨੂੰ ਸੂਚਿਤ ਕਰਨਾ ਲਾਜ਼ਮੀ ਹੋਵੇਗਾ।
3. **ਜਾਗਰੂਕਤਾ ਮੁਹਿੰਮ:** ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਉਲੀਕੇ ਜਾਣ। ਸਕੂਲਾਂ ਵਿੱਚ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਪੋਸਟਰ ਅਤੇ ਸਾਈਨੇਜ ਬੋਰਡ ਲਗਾਏ ਜਾਣ।
4. **ਨੋਡਲ ਅਫਸਰਾਂ ਦੀ ਨਿਯੁਕਤੀ:** ਇਸ ਮੁਹਿੰਮ ਦੇ ਪ੍ਰਭਾਵਸ਼ਾਲੀ ਤਾਲਮੇਲ ਲਈ ਜ਼ਿਲ੍ਹਾ ਪੱਧਰ 'ਤੇ ਨਾਮਜਦ ਕੀਤੇ ਸਮਰਪਿਤ ਨੋਡਲ ਅਫਸਰ ਦੀ ਡਿਊਟੀ ਲਗਾਈ ਜਾਵੇ।
5. **ਸਮਾਂ ਸੀਮਾ:** ਇਹ ਮੁਹਿੰਮ 31 ਮਾਰਚ, 2026 ਤੋਂ ਸ਼ੁਰੂ ਹੋਵੇਗੀ।

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਇਸ ਐਕਸ਼ਨ ਪਲਾਨ ਨੂੰ ਸਖ਼ਤੀ ਨਾਲ ਲਾਗੂ ਕਰਵਾਉਣ। ਇਸ ਸਬੰਧੀ ਕੀਤੀ ਗਈ ਕਾਰਵਾਈ ਦੀ ਪ੍ਰਗਤੀ ਰਿਪੋਰਟ ਸਮੇਂ-ਸਮੇਂ 'ਤੇ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

ਨੱਥੀ: ਹਵਾਲਾ ਅਧੀਨ ਪੱਤਰ ।

ਕਿਰਨ ਸ਼ਰਮਾ ਪੀ.ਸੀ.ਐਸ

ਡਾਇਰੈਕਟਰ,ਐਸ.ਸੀ.ਈ.ਆਰ.ਟੀ.

ਪੰਜਾਬ।

ਪਿੱਠ ਅੰਕਣ ਨੰ: ਉਕਤ ਮਿਤੀ: ਅਪ੍ਰੈਲ 01,2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

3. ਪੀ.ਏ. ਟੂ ਐਸ.ਸੀ.ਈ.ਆਰ.ਟੀ,ਪੰਜਾਬ।
4. ਸਮੂਹ ਡੀ.ਐਨ.ਓਜ਼, ਪੰਜਾਬ।।

ਕਿਰਨ ਸ਼ਰਮਾ ਪੀ.ਸੀ.ਐਸ

ਡਾਇਰੈਕਟਰ,ਐਸ.ਸੀ.ਈ.ਆਰ.ਟੀ.

ਪੰਜਾਬ।